# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਛੇਵੀਂ ਮੰਜਿਲ ਬਲਾਕ-ਈ ਵਿੱਦਿਆ ਭਵਨ ਪੀ.ਐਸ.ਈ.ਬੀ. ਕੰਪਲੈਕਸ ਫੇਜ਼-8, ਐਸ.ਏ.ਐਸ.ਨਗਰ**

**Email : directorscert@punjabeducation.gov.in ਫੋਨ ਨੰ: 0172-2212221**

ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.)
ਪੰਜਾਬ।

ਮੀਮੋ ਨੰ: 776613 ਮਿਤੀ:ਸ.ਅ.ਸ ਨਗਰ; 13-02-2025

ਵਿਸ਼ਾ: ਸੈਸ਼ਨ 2024-25 ਲਈ ਪੰਜਵੀਂ ਜਮਾਤ ਦਾ ਸਾਲਾਨਾ ਮੁਲਾਂਕਣ ਮਾਰਚ,2025 ਸੰਚਾਲਨ ਅਤੇ ਮੁਲਾਂਕਣ ਕਰਵਾਉਣ ਸੰਬਧੀ ਹਦਾਇਤਾਂ ਜਾਰੀ ਕਰਨ ਸੰਬਧੀ ।

1. ਸੈਸ਼ਨ 2024-25 ਲਈ ਪੰਜਵੀਂ ਜਮਾਤ ਦਾ ਮੁਲਾਂਕਣ ਕੇਂਦਰੀਕ੍ਰਿਤ ਪ੍ਰਣਾਲੀ ਅਨੁਸਾਰ ਮਿਤੀ 07-03-2025 ਤੋਂ 13-03-2025 ਤੱਕ (ਜਾਰੀ ਕੀਤੀ ਡੇਟ ਸ਼ੀਟ ਅਨੁਸਾਰ) ਲਰਨਿੰਗ ਆਊਟਕਮ ਇਵੈਲੂਏਸ਼ਨ ਸਿਸਟਮ ਰਾਹੀਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਦੁਆਰਾ ਕਰਵਾਈਆ ਜਾਵੇਗਾ।
2. ਸੈਸ਼ਨ 2024-25 ਲਈ ਪੰਜਵੀਂ ਜਮਾਤ ਦਾ ਮੁਲਾਂਕਣ ਕਰਵਾਉਣ ਲਈ ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਨੋਡਲ ਅਫਸਰ ਹੋਣਗੇ ਅਤੇ ਸੰਬਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਹਾਇਕ ਨੋਡਲ ਅਫਸਰ ਹੋਣਗੇ।
3. ਸੈਸ਼ਨ 2024-25 ਲਈ ਪੰਜਵੀਂ ਜਮਾਤ ਦੇ ਮੁਲਾਂਕਣ ਲਈ ਸਿਲੇਬਸ ਅਪ੍ਰੈਲ,2024 ਤੋਂ ਫਰਵਰੀ ,2025 ਤੱਕ ਹੋਵੇਗਾ।
4. ਇਸ ਮੁਲਾਂਕਣ ਲਈ ਕੇਵਲ ਪੰਜਾਬੀ (ਪਹਿਲੀ ਭਾਸ਼ਾ),ਹਿੰਦੀ (ਦੂਜੀ ਭਾਸ਼ਾ),ਅੰਗਰੇਜ਼ੀ,ਗਣਿਤ ਅਤੇ ਵਾਤਾਵਰਣ ਵਿਸ਼ੇ ਦੇ ਤਿੰਨ ਭਾਸ਼ੀ ਮੁਲਾਂਕਣ ਟੂਲ ਮੁਹਇਆ ਕਰਵਾਏ ਜਾਣਗੇ।
5. ਇਹਨਾਂ ਵਿਸ਼ਿਆਂ ਦੇ 80 ਅੰਕ ਮੁਲਾਂਕਣ ਟੂਲ ਅਨੁਸਾਰ ਹੋਣਗੇ ਅਤੇ 20 ਅੰਕ ਸੀ.ਸੀ.ਈ ਦੇ ਆਧਾਰ ਤੇ ਹੋਣਗੇ।

6. ਇਸ ਮੁਲਾਂਕਣ ਲਈ ਮੁਲਾਂਕਣ ਟੂਲ (ਪ੍ਰਸ਼ਨ ਪੱਤਰ ਕਮ ਉਤਰਪੱਤਰੀ) ਪ੍ਰਿੰਟ ਕਰਵਾਕੇ ਕੇਵਲ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਹੀ ਮੁਹਇਆ ਕਰਵਾਏ ਜਾਣਗੇ।
7. ਉਕਤ ਪੰਜ ਵਿਸ਼ਿਆਂ ਤੋਂ ਇਲਾਵਾ ਹੋਰ ਵਿਸ਼ੇ ਅਤੇ ਵਿਸ਼ੇਸ਼ ਲੋੜਾ ਵਾਲੇ ਵਿਦਿਆਰਥੀਆਂ ਦੇ ਮੁਲਾਂਕਣ ਟੂਲ ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਵੱਲੋਂ ਆਪਣੇ ਪੱਧਰ ਤੇ ਤਿਆਰ ਕਰਵਾਏ ਜਾਣਗੇ।
8. ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਦੁਆਰਾ ਮੁਲਾਂਕਣ ਟੂਲ ਬਲਾਕ ਪੱਧਰ ਤੇ ਪਹੁੰਚਾਏ ਜਾਣਗੇ।
9. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਬਲਾਕ ਪੱਧਰ ਤੇ ਸਟਰਾਂਗ ਰੂਮ ਤਿਆਰ ਕੀਤਾ ਜਾਵੇ ਅਤੇ ਮੁਲਾਂਕਣ ਟੂਲਾਂ ਦੀ ਗੁਪਤਤਾ ਯਕੀਨੀ ਬਣਾਈ ਜਾਵੇ ।
10. ਮੁਲਾਂਕਣ ਟੂਲਾਂ ਦੀ ਗੁਪਤਤਾ ਨੂੰ ਸੁਨਿਸ਼ਚਿਤ ਕਰਨ ਲਈ ਮੁਲਾਂਕਣ ਟੂਲਾਂ ਦੀ ਵੰਡ ਸਮੇਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਤੋਂ ਸਿਵਾ ਸੱਭ ਦੇ ਮੋਬਾਇਲ ਫੋਨ ਬੰਦ ਹੋਣ ।
11. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਬਲਾਕ ਪੱਧਰ ਤੇ ਮੂਲਾਂਕਣ ਟੂਲ ਆਪਣੀ ਦੇਖ ਰੇਖ ਹੇਠ ਪੇਪਰ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਸੰਬਧਤ ਸੈਂਟਰ ਹੈੱਡ ਟੀਚਰ ਨੂੰ ਸੀਲਬੰਦ ਕਰਕੇ ਸੌਂਪੇ ਜਾਣ। ਬਲਾਕ ਪੱਧਰ ਤੋਂ ਮੁਲਾਂਕਣ ਕੇਂਦਰਾਂ ਤੱਕ ਮੁਲਾਂਕਣ ਟੂਲ ਪਹੁੰਚਾਉਣ ਦੀ ਜਿੰਮੇਵਾਰੀ ਸੰਬਧਤ ਬਲਾਕ ਪ੍ਰਾਇਮਰੀ ਅਫਸਰ ਦੀ ਨਿਗਰਾਨੀ ਹੇਠ ਸਬੰਧਤ ਸੈਂਟਰ ਹੈੱਡ ਟੀਚਰ ਦੀ ਹੋਵੇਗੀ। ਟੂਲਾਂ ਦੀ ਗੁਪਤਤਾ ਦੀ ਜਿੰਮੇਵਾਰੀ ਸੈਂਟਰ ਹੈੱਡ ਟੀਚਰ / ਨਿਗਰਾਨ ਦੀ ਹੋਵੇਗੀ।
12. ਇਸ ਮੁਲਾਂਕਣ ਲਈ ਮੁਲਾਂਕਣ ਕੇਂਦਰ ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਦੀ ਨਿਗਰਾਨੀ ਹੇਠ ਸੰਬਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਵਿਦਿਆਰਥੀਆਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਤਰਾਂ ਬਣਾਏ ਜਾਣ ਕਿ ਮੁਲਾਂਕਣ ਕੇਂਦਰ ਵਿਦਿਆਰਥੀਆਂ ਦੇ ਪਿਤਰੀ ਸਕੂਲ ਜਾਂ ਨੇੜੇ ਤੋਂ ਨੇੜੇ ਹੋਣ।
13. ਕੋਈ ਵੀ ਮੁਲਾਂਕਣ ਕੇਂਦਰ ਵਿਦਿਆਰਥੀ ਦੇ ਪਿਤਰੀ ਸਕੂਲ/ਰਿਹਾਇਸ਼ ਤੋਂ 3 ਕਿਲੋਮੀਟਰ ਤੋਂ ਦੂਰ ਨਾ ਹੋਵੇ। ਇਸ ਸੰਬਧੀ ਸੰਬਧਤ ਨੋਡਲ ਅਤੇ ਸਹਾਇਕ ਨੋਡਲ ਅਫਸਰ ਵੱਲੋਂ ਸਰਟੀਫਿਕੇਟ ਮੁੱਖ ਦਫਤਰ ਨੂੰ ਭੇਜਿਆ ਜਾਵੇ।

14.ਇੱਕ ਮੁਲਾਂਕਣ ਕੇਂਦਰ ਵਿੱਚ ਇੱਕ ਕਮਰੇ ਵਿੱਚ ਜਿਆਦਾ ਤੋਂ ਜਿਆਦਾ 25 ਵਿਦਿਆਰਥੀ ਹੋਣਗੇ ਅਤੇ 25 ਵਿਦਿਆਰਥੀਆਂ ਤੇ ਇੱਕ ਨਿਗਰਾਨ ਕਮ ਪ੍ਰੀਖਿਅਕ ਦੀ ਡਿਊਟੀ ਲਗਾਈ ਜਾਵੇ।

15.ਇਸ ਮੁਲਾਂਕਣ ਲਈ ਨਿਗਰਾਨ ਕਮ ਪ੍ਰੀਖਿਅਕ ਦੀ ਡਿਊਟੀ ਸੰਬਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਅੰਤਰ ਕਲਸਟਰ ਲਗਾਈ ਜਾਵੇ।

16.ਇਹ ਨਿਗਰਾਨ ਕਮ ਪ੍ਰੀਖਿਅਕ ਪਹਿਲਾਂ 9 ਵਜੇ ਤੋਂ 12 ਵਜੇ ਤੱਕ ਬਤੌਰ ਨਿਗਰਾਨ ਡਿਊਟੀ ਦੇਣਗੇ ਅਤੇ ਉਸੇ ਦਿਨ 12.20 ਤੋਂ ਬਾਅਦ ਦੁਪਿਹਰ 3.20 ਵਜੇ ਤੱਕ ਮੁਲਾਂਕਣ ਟੂਲ ਚੈੱਕ(ਇਵੈਲੂਏਟ) ਕਰਕੇ ਲਿਸਟ ਸੈਂਟਰ ਹੈੱਡ ਟੀਚਰ ਨੂੰ ਸੌਂਪਣਗੇ।

17.ਸਬੰਧਤ ਜਿਲ੍ਹਾ ਸਿੱਖਿਆ ਅਫਸਰ( ਐ.ਸਿ.) ਹਰੇਕ ਬਲਾਕ ਦੇ ਪੰਜ ਪ੍ਰਤਿਸ਼ਤ ਮੁਲਾਂਕਣ ਟੂਲ ਰੈਂਡਮ ਚੈੱਕ ਕਰਨਾ ਯਕੀਨੀ ਬਣਾਉਣ।

18.ਸੈਂਟਰ ਹੈਡ ਟੀਚਰ ਮੁਲਾਂਕਣ ਪ੍ਰਕਿਰਿਆ ਖਤਮ ਹੋਣ ਤੋਂ ਇੱਕ ਦਿਨ ਬਾਅਦ ਤੱਕ ਅੰਕ ਈ ਪੰਜਾਬ ਪੋਰਟਲ/ਐਕਸਲ ਸ਼ੀਟ/ਗੂਗਲ ਸ਼ੀਟ ਤੇ ਅਪਲੋਡ ਕਰਨਗੇ।

19. ਮੁਲਾਂਕਣ ਉਪਰੰਤ ਵਰਤੇ ਗਏ ਮੁਲਾਂਕਣ ਟੂਲ ਸੈਂਟਰ ਹੈਡ ਟੀਚਰ ਦੁਆਰਾ ਦੋ ਸਾਲ ਤੱਕ ਸੰਭਾਲ ਕੇ ਰੱਖੇ ਜਾਣਗੇ।

20.ਇਸ ਮੁਲਾਂਕਣ ਦਾ ਨਤੀਜਾ ਬਲਾਕ ਪੱਧਰ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੁਆਰਾ ਤਿਆਰ ਕਰਕੇ ਨਤੀਜਾ ਬਲਾਕ ਵਾਰ ਮਿਤੀ 31-03-2025 ਨੂੰ ਸਵੇਰੇ 10 ਵਜੇ ਤੱਕ ਘੋਸ਼ਿਤ ਕੀਤਾ ਜਾਵੇ।

21.ਇਸ ਮੁਲਾਂਕਣ ਨੂੰ ਆਨ ਲਾਈਨ ਕਰਨ (ਸੀ.ਸੀ.ਈ ਭਰਨਾ,ਰੋਲ ਨੰ. ਜਾਰੀ ਕਰਨਾ,ਨਤੀਜਾ ਤਿਆਰ ਕਰਨਾ ਅਤੇ ਨਤੀਜੇ ਦਾ ਵਿਸ਼ਲੇਸ਼ਣ ਕਰਨਾ ਆਦਿ) ਦੀ ਜਿੰਮੇਵਾਰੀ ਸੰਬਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੀ ਹੋਵੇਗੀ।

22.ਹਰੇਕ ਸਿੱਖਿਆ ਬਲਾਕ ਅਤੇ ਜਿਲ੍ਹਾ ਆਪਣੇ ਪੱਧਰ ਤੇ ਰਿਕਾਰਡ/ਗਜਟ ਸੰਭਾਲ ਕੇ ਰੱਖੇਗਾ ਤਾਂ ਜੋ ਲੋੜ ਪੈਣ ਤੇ ਡੂਪਲੀਕੇਟ/ਵੈਰੀਫਿਕੇਸ਼ਨ/ਕੁਰੈਕਸ਼ਨ ਸਰਟੀਫਿਕੇਟ ਜਾਰੀ ਕੀਤਾ ਜਾ ਸਕੇ।

23.ਭਵਿੱਖ ਵਿੱਚ ਜੇਕਰ ਡੂਪਲੀਕੇਟ/ਵੈਰੀਫਿਕੇਸ਼ਨ/ਕੁਰੈਕਸ਼ਨ ਸਰਟੀਫਿਕੇਟ ਜਾਰੀ ਕਰਨ ਦੀ ਲੋੜ ਪੈਂਦੀ ਹੈ ਤਾਂ ਇਹ ਸੰਬਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ ਹਸਤਾਖਰਾਂ ਹੇਠ ਜਾਰੀ ਕੀਤਾ ਜਾਵੇ।

**ਗੈਰ ਸਰਕਾਰੀ ਸਕੂਲਾਂ ਲਈ ਹਦਾਇਤਾਂ :**

24.ਗੈਰ ਸਰਕਾਰੀ ਸਕੂਲਾਂ ਕਈ ਮੁਲਾਂਕਣ ਟੂਲਾਂ ਦੀ ਸਾਫਟ ਕਾਪੀ ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਨੂੰ ਗੁਪਤ ਈ ਮੇਲ ਰਾਹੀਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਦੁਆਰਾ ਮੁਹਇਆ ਕਰਵਾਏ ਜਾਣਗੇ ।

25.ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਗੈਰ ਸਰਕਾਰੀ ਸਕੂਲਾਂ ਦੀ ਗੁਪਤ ਈ ਮੇਲ ਤੇ ਮੁਲਾਂਕਣ ਟੂਲਾਂ ਦੀ ਸਾਫਟ ਕਾਪੀ ਮੁਲਾਂਕਣ ਤੋਂ ਇੱਕ ਘੰਟਾ ਪਹਿਲਾਂ ਭੇਜਣਗੇ।

26.ਮੁਲਾਂਕਣ ਟੂਲਾਂ ਦੀ ਗੁਪਤਤਾ ਦੀ ਜਿੰਮੇਵਾਰੀ ਸੰਬਧਤ ਗੈਰ ਸਰਕਾਰੀ ਸਕੂਲ ਦੇ ਸਕੂਲ ਮੁਖੀ ਅਤੇ ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਦੀ ਹੋਵੇਗੀ ।

27.ਸਾਰੇ ਗੈਰ ਸਰਕਾਰੀ ਸਕੂਲ ਅਤੇ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ਵੱਲੋਂ ਜਾਰੀ ਡੇਟਸ਼ੀਟ ਅਨੁਸਾਰ ਆਪਣੇ ਹੀ ਕੈਂਪਸ ਵਿੱਚ ਮੁਲਾਂਕਣ ਕੰਡਕਟ ਕਰਨਗੇ।

28. ਇਸ ਮੁਲਾਂਕਣ ਲਈ ਨਿਗਰਾਨ ਕਮ ਪ੍ਰੀਖਿਅਕ ਦੀ ਡਿਊਟੀ ਸੰਬਧਤ ਸਕੂਲ ਮੁਖੀ ਵੱਲੋਂ ਲਗਾਈ ਜਾਵੇਗੀ।

29.ਇਹ ਨਿਗਰਾਨ ਕਮ ਪ੍ਰੀਖਿਅਕ ਪਹਿਲਾਂ 9 ਵਜੇ ਤੋਂ 12 ਵਜੇ ਤੱਕ ਬਤੌਰ ਨਿਗਰਾਨ ਡਿਊਟੀ ਦੇਣਗੇ ਅਤੇ ਉਸੇ ਦਿਨ 12.20 ਤੋਂ ਬਾਅਦ ਦੁਪਿਹਰ 3.20 ਵਜੇ ਤੱਕ ਮੁਲਾਂਕਣ ਟੂਲ ਚੈੱਕ(ਇਵੈਲੂਏਟ) ਕਰਕੇ ਲਿਸਟ ਸਕੂਲ ਮੁਖੀ ਨੂੰ ਸੌਂਪਣਗੇ।

30.ਸੰਬਧਤ ਸਕੂਲ ਮੁਖੀ ਨਤੀਜਾ ਤਿਆਰ ਕਰਕੇ ਮੁਲਾਂਕਣ ਖਤਮ ਹੋਣ ਤੋਂ ਤਿੰਨ ਦਿਨਾਂ ਦੇ ਅੰਦਰ-ਅੰਦਰ ਆਨ ਲਾਈਨ ਅਪਲੋਡ ਕਰਨ ਉਪਰੰਤ ਸੰਬਧਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਨੂੰ ਇੱਕ ਕਾਪੀ ਜਮਾਂ ਕਰਵਾਉਣਗੇ ਅਤੇ ਇੱਕ ਕਾਪੀ ਤਸਦੀਕ ਕਰਵਾਕੇ ਭਵਿੱਖ ਲਈ ਆਪਣੇ ਰਿਕਾਰਡ ਵਿੱਚ ਰੱਖਣਗੇ।

31.ਉਕਤ ਮੁਲਾਂਕਣ ਦਾ ਨਰਿਖਣ ਬੀ.ਆਰ.ਸੀ/ ਡੀ.ਆਰ.ਸੀ ਦੁਆਰਾ ਕੀਤਾ ਜਾਵੇਗਾ ।

**ਆਮ ਹਦਾਇਤਾਂ:**

32.ਬਲਾਕ ਪੱਧਰ ਤੇ ਨਤੀਜਾ ਤਿਆਰ ਕਰਨ ਉਪਰੰਤ ਜਿਲ੍ਹਾ ਪੱਧਰ ਤੇ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਦਾ ਰਿਜਲਟ ਕੰਸੋਲੀਡੇਟ ਵੱਖ ਵੱਖ ਕੀਤਾ ਜਾਵੇਗਾ।

33.ਪੰਜਾਂ ਵਿਸ਼ਿਆਂ ਵਿੱਚ ਵੱਖਰੇ ਵੱਖਰੇ ਤੌਰ ਤੇ 33% ਅੰਕ ਲੈਣ ਵਾਲਾ ਵਿਦਿਆਰਥੀ ਛੇਵੀਂ ਜਮਾਤ ਵਿੱਚ ਪ੍ਰਮੋਟ ਕੀਤਾ ਜਾਵੇਗਾ ਨਹੀਂ ਤਾਂ ਪੰਜਵੀਂ ਜਮਾਤ ਵਿੱਚ ਹੀ ਰੋਕਿਆ ਜਾਵੇਗਾ ਅਤੇ ਮੁੜ-ਮੁਲਾਂਕਣ ਦੋ ਮਹੀਨੇ ਅੰਦਰ ਅੰਦਰ ਕਰਵਾਈਆ ਜਾਵੇਗਾ।

34.ਮੁੜ-ਮੁਲਾਂਕਣ ਵਿੱਚ ਪ੍ਰਮੋਟ ਨਾ ਹੋਣ ਵਾਲੇ ਵਿਦਿਆਰਥੀ ਨੂੰ ਮੁਲਾਂਕਣ ਵਿੱਚ ਅਪੀਅਰ ਹੋਣ ਦਾ ਅਗਲਾ ਮੌਕਾ ਮਾਰਚ,2026 ਵਿੱਚ ਦਿੱਤਾ ਜਾਵੇਗਾ।

35.ਕਿਸੇ ਵੀ ਹਾਲਾਤ ਵਿੱਚ ਪੰਜਵੀਂ ਜਮਾਤ ਮੁਕੰਮਲ ਕਰਨ ਤੱਕ ਵਿਦਿਆਰਥੀ ਦਾ ਨਾਂ ਸਕੂਲ ਵਿੱਚੋਂ ਕੱਟਿਆ ਨਾ ਜਾਵੇ ।

ਮਿਤੀ: ਸ.ਅ.ਸ ਨਗਰ; 13-02-2025

ਅਮਨਿੰਦਰ ਕੌਰ (ਪੀ.ਸੀ.ਐਸ)
ਡਾਇਰੈਕਟਰ
ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।

ਪਿੱਠਅੰਕਣ ਨੰ: ਉਕਤ ਮਿਤੀ: ਸ.ਅ.ਸ ਨਗਰ; 13-02-2025

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ ।
2. ਪੀ.ਏ ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਐ.ਸਿ.), ਪੰਜਾਬ ।
3. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ ।
4. ਸਮੂਹ ਸੈਂਟਰ ਹੈੱਡ ਟੀਚਰ, ਪੰਜਾਬ ।

ਅਮਨਿੰਦਰ ਕੌਰ(ਪੀ.ਸੀ.ਐਸ)
ਡਾਇਰੈਕਟਰ
ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।